. BCM SCHOOL BASANT. AVENUE. DUGRI LUDHIANA

. ASSIGNMENT -NOVEMBER-2025

. CLASS- 6

. SUBJECT- PUNJABI

**1.**ਅਣਡਿੱਠਾ ਪੈਰ੍ਹਾ

ਦਰੱਖਤ ਧਰਤੀ ਉੱਤੇ ਜੀਵਨ ਲਈ ਬਹੁਤ ਜ਼ਰੂਰੀ ਹਨ। ਇਹ ਸਾਨੂੰ ਸਾਹ ਲੈਣ ਲਈ ਆਕਸੀਜਨ ਦਿੰਦੇ ਹਨ ਅਤੇ ਹਵਾ ਵਿੱਚੋਂ ਕਾਰਬਨ ਡਾਇਆਕਸਾਈਡ ਨੂੰ ਸੋਖ ਲੈਂਦੇ ਹਨ। ਦਰੱਖਤ ਸਾਨੂੰ ਫਲ, ਛਾਂ ਤੇ ਲੱਕੜ ਦਿੰਦੇ ਹਨ। ਇਹ ਹਵਾ ਨੂੰ ਠੰਢਾ ਤੇ ਸਾਫ਼ ਰੱਖਣ ਵਿੱਚ ਮਦਦ ਕਰਦੇ ਹਨ। ਪੰਛੀ ਅਤੇ ਜਾਨਵਰ ਦਰੱਖਤਾਂ ਵਿੱਚ ਆਪਣੇ ਘਰ ਬਣਾਉਂਦੇ ਹਨ। ਜੇ ਅਸੀਂ ਬਹੁਤ ਜ਼ਿਆਦਾ ਦਰੱਖਤ ਕੱਟ ਦੇਵਾਂਗੇ ਤਾਂ ਕੁਦਰਤ ਦਾ ਸੰਤੁਲਨ ਖਰਾਬ ਹੋ ਜਾਵੇਗਾ ਅਤੇ ਸਾਨੂੰ ਘੱਟ ਵਰਖਾ ਤੇ ਮਿੱਟੀ ਦੀ ਕਟਾਈ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਸਾਨੂੰ ਹੋਰ ਦਰੱਖਤ ਲਗਾਉਣੇ ਚਾਹੀਦੇ ਹਨ ਤੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ।

ਉੱਪਰ ਦਿੱਤਾ ਪੈਰ੍ਹਾ ਪੜ੍ਹ ਕੇ ਹੇਠਾਂ ਦਿੱਤੇ ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਓ

1. ਦਰੱਖਤ ਸਾਨੂੰ ਸਾਹ ਲੈਣ ਲਈ ਕੀ ਦਿੰਦੇ ਹਨ?
a) ਕਾਰਬਨ ਡਾਇਆਕਸਾਈਡ b) ਆਕਸੀਜਨ
c) ਧੂੰਆ. d)ਗਰਮੀ

2. ਜੇ ਅਸੀਂ ਬਹੁਤ ਦਰੱਖਤ ਕੱਟੀਏ ਤਾਂ ਕੀ ਹੋਵੇਗਾ?
a) ਹੋਰ ਵਰਖਾ ਪਵੇਗੀ b) ਕੁਦਰਤ ਦਾ ਸੰਤੁਲਨ ਬਣਿਆ ਰਹੇਗਾ c)ਕੁਦਰਤ ਦਾ ਸੰਤੁਲਨ ਖਰਾਬ ਹੋ ਜਾਵੇਗਾ. d)ਜਾਨਵਰਾਂ ਨੂੰ ਨਵੇਂ ਘਰ ਮਿਲਣਗੇ

3. ਦਰੱਖਤ ਹੇਠਾਂ ਦਿੱਤੀਆਂ ਵਿਚੋਂ ਕਿਹੜੀ ਚੀਜ਼ ਨਹੀਂ ਦਿੰਦੇ?
a) ਫਲ. b) ਛਾਂ. c) ਆਕਸੀਜਨ. d) ਪਲਾਸਟਿਕ

4. ਦਰੱਖਤ ਜਾਨਵਰਾਂ ਦੀ ਕਿਵੇਂ ਮਦਦ ਕਰਦੇ ਹਨ?
a) ਉਨ੍ਹਾਂ ਨੂੰ ਪਾਣੀ ਦੇ ਕੇ. b) ਉਨ੍ਹਾਂ ਨੂੰ ਘਰ ਦੇ ਕੇ
c) ਉਨ੍ਹਾਂ ਨੂੰ ਭਜਾ ਕੇ. d) ਉਨ੍ਹਾਂ ਨੂੰ ਕੱਟ ਕੇ

5. ਸਾਨੂੰ ਕੁਦਰਤ ਦੀ ਰੱਖਿਆ ਲਈ ਕੀ ਕਰਨਾ ਚਾਹੀਦਾ ਹੈ?
a) ਦਰੱਖਤ ਕੱਟਣੇ. b) ਹੋਰ ਦਰੱਖਤ ਲਗਾਉਣੇ
c) ਜੰਗਲ ਸਾੜਣੇ. d) ਬੂਟੇ ਉਗਾਉਣ ਬੰਦ ਕਰਣੇ

6.ਕਥਨ -ਦਰੱਖਤ ਧਰਤੀ ਉੱਤੇ ਜੀਵਨ ਲਈ ਬਹੁਤ ਜ਼ਰੂਰੀ ਹਨ।
ਕਾਰਨ -ਕਿਉਂਕਿ ਦਰੱਖਤ ਆਕਸੀਜਨ ਦਿੰਦੇ ਹਨ, ਹਵਾ ਨੂੰ ਸਾਫ਼ ਰੱਖਦੇ ਹਨ ਅਤੇ ਪੰਛੀਆਂ ਤੇ ਜਾਨਵਰਾਂ ਨੂੰ ਆਸਰਾ ਦਿੰਦੇ ਹਨ।
   a) ਕਥਨ ਕਾਰਨ ਦੀ ਸਹੀ ਵਿਆਖਿਆ ਨਹੀਂ ਕਰ ਰਿਹਾ।
   b) ਕਾਰਨ ਕਥਨ ਦੀ ਸਹੀ ਵਿਆਖਿਆ ਨਹੀਂ ਕਰ ਰਿਹਾ।
   c) ਕਥਨ ਤੇ ਕਾਰਨ ਦੋਵੇਂ ਗਲਤ ਹਨ।
   d) ਉਪਰੋਕਤ ਕਥਨ ਤੇ ਕਾਰਨ ਦੋਵੇਂ ਸਹੀ ਹਨ।

2. ਡਿੱਠਾ ਪੈਰ੍ਹਾ

ਕੱਕਰਾ ਨੇ ਲੁੱਟ -ਪੁੱਟ,ਨੰਗ ਕਰ ਛੱਡੇ ਰੁੱਖ,
ਹੋ ਗਏ ਨਿਹਾਲ ਅੱਜ ਪੁੰਗਰ ਕੇ ਡਾਲੀਆਂ ਲਈ
. ਡਾਲੀਆਂ ਕਚਾਰ ਵਾਂਗ ਕੂਲੀਆਂ ਨੂੰ ਜਿੰਦ ਪਈ, ਆਲਣੇ ਦੇ ਬੋਟਾਂ ਵਾਂਗ ਖੰਭੀਆਂ ਉਛਾਲੀਆਂ ਲਈ

ਉਪਰੋਕਤ ਕਾਵਿ ਸਤਰਾਂ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ

ਪ੍ਰਸ਼ਨ - ਉਪਰੋਕਤ ਪੈਰ੍ਹਾ. ਕਿਹੜੀ ਕਵਿਤਾ ਵਿੱਚੋਂ ਲਿਆ ਗਿਆ ਹੈ?

ਪ੍ਰਸ਼ਨ -ਕਵਿਤਾ ਵਿੱਚ ਬੋਟ ਕਿਸ ਨੂੰ ਆਖਿਆ ਗਿਆ ਹੈ

ਪ੍ਰਸ਼ਨ- ਉਛਾਲੀਆਂ ਦਾ ਲੈਆਤਮਕ ਸ਼ਬਦ ਕੀ ਹੈ?

**3**. ਬਹੁ ਵਿਕਲਪੀ ਪ੍ਰਸ਼ਨ ਉੱਤਰ

A.ਗੁਰੂ ਅਮਰਦਾਸ ਜੀ ਨੇ ਲੰਗਰ ਦੀ ਪ੍ਰਥਾ ਕਿਉਂ ਮਜ਼ਬੂਤ ਕੀਤੀ ਸੀ?

a) ਲੋਕਾਂ ਨੂੰ ਇਕੱਠਾ ਬੈਠਾ ਕੇ ਸਮਾਨਤਾ ਦਾ ਸੁਨੇਹਾ ਦੇਣ ਲਈ. b) ਗਰੀਬਾਂ ਨੂੰ ਕੰਮ ਦੇਣ ਲਈ
c) ਮਹਿਲਾ ਸੇਵਾ ਨੂੰ ਰੋਕਣ ਲਈ d) ਪਿੰਡਾਂ ਵਿੱਚ ਖੇਤੀ ਵਧਾਉਣ ਲਈ

B. ਪੌਣ ਕਿਹੋ -ਜਿਹੀ ਚੱਲਦੀ ਹੈ?

a)ਤੇਜ਼ -ਤੇਜ਼ b) ਮਿੱਠੀ ਜਿਹੀ c) ਵਾਵਰੋਲੇ ਵਾਂਗ d)ਹਨੇਰੀ ਵਾਂਗ

4. ਪ੍ਰਸ਼ਨ**-** ਉੱਤਰ

ਪ੍ਰਸ਼ਨ -ਲਾਲਾ ਲਾਜਪਤ ਰਾਏ ਦੇ ਜਨਮ ਤੇ ਉਹਨਾਂ ਦੀ ਸ਼ਹੀਦੀ ਬਾਰੇ ਦੱਸੋ?

ਪ੍ਰਸ਼ਨ- ਦਾਦਾ ਜੀ ਤੋਂ ਗੁਰੂ ਘਰ ਦੀ ਵਡਿਆਈ ਸੁਣ ਕੇ ਬੱਚਿਆਂ ਨੇ ਕੀ ਕਰਨ ਦਾ ਵਚਨ ਕੀਤਾ?

ਪ੍ਰਸ਼ਨ- ਲੰਗਰ ਛੱਕਣ ਵੇਲੇ ਪਰਮਾਤਮਾ ਦਾ ਸ਼ੁਕਰਾਨਾ ਕਿਉਂ ਕਰਨਾ ਚਾਹੀਦਾ ਹੈ?

ਪ੍ਰਸ਼ਨ- ਗੁਰੂ ਘਰ ਦੀ ਸੇਵਾ ਕਿਹੜੀ ਸੇਵਾ ਹੈ?

5. ਵਾਕ ਬਣਾਉ

. a)ਸੰਗਰਾਂਦ. b), ਬੁਲਬੁਲ, c) ਗੁਰਦੁਆਰਾ d) ਪ੍ਰਥਾ